بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਗ਼ਜ਼ਵਾ ਤਬੂਕ ਦੇ ਸੰਦਰਭ ਵਿੱਚ ਸੀਰਤਿ ਨਬਵੀ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਬਿਆਨ

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 28 ਨਵੰਬਰ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشۡهَدُ أَنۡ لَّآ إِلٰهَ إِلَّا اللّٰهُ وَحۡدَهٗ لَا شَرِيۡكَ لَهٗ وَأَشۡهَدُ أَنَّ مُحَمَّدًا عَبۡدُهٗ وَرَسُوۡلُهٗ ۞ أَمَّا بَعۡدُ فَأَعُوۡذُ بِاللّٰهِ مِنَ الشَّيۡطٰنِ الرَّجِيۡمِ ۞ بِسۡمِ اللّٰهِ الرَّحۡمٰنِ الرَّحِيۡمِ ۞ اَلۡحَمۡدُ لِلّٰهِ رَبِّ الۡعٰلَمِيۡنَ ۞ اَلرَّحۡمٰنِ الرَّحِيۡمِ ۞ مٰلِكِ يَوۡمِ الدِّيۡنِ ۞ إِيَّاكَ نَعۡبُدُ وَإِيَّاكَ نَسۡتَعِيۡنُ ۞ إِهۡدِنَا الصِّرَاطَ الۡمُسۡتَقِيۡمَ ۞ صِرَاطَ الَّذِيۡنَ أَنۡعَمۡتَ عَلَيۡهِمۡ ۙ غَيۡرِ الۡمَغۡضُوۡبِ عَلَيۡهِمۡ وَلَا الضَّآلِّيۡنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਦੇ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਤਬੂਕ ਦੇ ਸਫ਼ਰ ਦੀ ਹੋਰ ਤਫ਼ਸੀਲ ਜਿਹੜੀ ਮਿਲ਼ਦੀ ਹੈ ਉਹ ਅੱਜ ਬਿਆਨ ਕਰਾਂਗਾ। ਪਿਛਲੇ ਖ਼ੁਤਬਿਆਂ ਵਿੱਚ ਬਿਆਨ ਹੋ ਚੁੱਕਿਆ ਹੈ ਕਿ ਕੁੱਝ **ਮੁਨਾਫ਼ਿਕ਼ਾਂ** ਨੇ ਗ਼ਜ਼ਵੇ 'ਤੇ ਜਾਣ ਤੋਂ ਇਨਕਾਰ ਕੀਤਾ ਸੀ ਅਤੇ ਵੱਖ-ਵੱਖ **ਬਹਾਨੇ** ਬਿਆਨ ਕੀਤੇ ਸਨ। ਪਰ ਮਦੀਨਾ ਤਸ਼ਰੀਫ਼ ਆਵਰੀ ਦੇ ਬਾਅਦ ਵੀ ਮੁਨਾਫ਼ਿਕ਼ਾਂ ਦੇ ਨਾਲ਼ ਨਾ ਜਾਣ ਦੇ ਬਹਾਨਿਆਂ ਦਾ ਜ਼ਿਕਰ ਮਿਲ਼ਦਾ ਹੈ। ਬਲਕਿ ਕ਼ੁਰਆਨ ਸ਼ਰੀਫ ਵਿੱਚ ਵੀ ਇਸਦਾ ਜ਼ਿਕਰ ਹੈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ **ਸੁੰਨਤ** ਸੀ ਕਿ ਜਦ ਸਫ਼ਰ ਤੋਂ ਮਦੀਨੇ ਵਾਪਿਸ ਤਸ਼ਰੀਫ਼ ਲਿਆਉਂਦੇ ਤਾਂ ਪਹਿਲਾਂ ਮਸਜਿਦ ਵਿੱਚ ਪਹੁੰਚ ਕੇ ਦੋ **ਰਕਆਤ** ਨਮਾਜ਼ ਅਦਾ ਕਰਦੇ। ਚੁਨਾਂਚਿ **ਨਵਾਫ਼ਿਲ** ਪੜ੍ਹ ਕੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮਸਜਿਦ ਵਿੱਚ ਹੀ ਤਸ਼ਰੀਫ਼ ਫ਼ਰਮਾ ਹੋ ਗਏ ਅਤੇ ਲੋਕ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ **ਮੁਲਾਕ਼ਾਤ** ਅਤੇ **ਜ਼ਿਆਰਤ** ਦੇ ਲਈ ਹਾਜ਼ਿਰ ਹੋਣ ਲੱਗੇ। ਇਸੇ ਤਰ੍ਹਾਂ ਉਹ ਲੋਕ ਜਿਹੜੇ ਆਪਣੇ ਇਮਾਨ ਦੀ **ਕਮਜ਼ੋਰੀ** ਅਤੇ **ਨਿਫ਼ਾਕ਼** ਦੀ ਵਜ੍ਹਾ ਨਾਲ਼ ਨਾਲ਼ ਨਹੀਂ ਗਏ ਸਨ, ਉਹ ਵੀ ਆਉਣ ਲੱਗੇ। ਸੀਰਤ ਨਿਗਾਰ ਲਿਖਦੇ ਹਨ ਕਿ ਇਹ ਲੋਕ ਤਕ਼ਰੀਬਨ 80 ਸਨ ਪਰ ਕੁੱਝ ਰਿਵਾਇਤਾਂ ਦੇ ਮੁਤਾਬਿਕ਼ ਇਸ ਤੋਂ ਵੀ ਜ਼ਿਆਦਾ ਲੋਕ ਸਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਕੋਲੋਂ ਉਨ੍ਹਾਂ ਦੇ **ਜ਼ਾਹਿਰੀ ਬਹਾਨੇ** ਮੰਨ ਲਏ ਅਤੇ ਉਨ੍ਹਾਂ ਦੀ **ਬੈਅਤ** ਲੈ ਲਈ ਅਤੇ ਉਨ੍ਹਾਂ ਦੇ ਲਈ **ਮਗ਼ਫ਼ਿਰਤ** ਦੀ ਦੁਆ ਕੀਤੀ ਅਤੇ ਉਨ੍ਹਾਂ ਦਾ **ਅੰਦਰੂਨਾ** ਅੱਲਾਹ ਦੇ ਸਪੁਰਦ ਕੀਤਾ।

ਪਰ ਇਨ੍ਹਾਂ ਮੁਨਾਫ਼ਿਕ਼ਾਂ ਦਾ ਇਹ ਜੁਰਮ ਨਾ ਕ਼ਾਬਿਲਿ ਮੁਆਫ਼ੀ ਸੀ। ਇਸ ਲਈ ਅੱਲਾਹ ਤਆਲਾ ਨੇ ਉਨ੍ਹਾਂ ਦੇ ਬਾਰੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ **ਵਹੀ** ਦੇ ਜ਼ਰੀਆ ਫ਼ਰਮਾ ਦਿੱਤਾ ਸੀ ਕਿ ਇਹ ਅਜਿਹੇ **ਨਾਪਾਕ** ਲੋਕ ਹਨ ਕਿ ਖ਼ੁਦਾ ਇਨ੍ਹਾਂ ਨਾਲ਼ ਹੁਣ ਰਾਜ਼ੀ ਨਹੀਂ ਹੋਵੇਗਾ। ਚੁਨਾਂਚਿ ਇਨ੍ਹਾਂ ਲੋਕਾਂ ਦੇ ਬਾਰੇ ਅੱਲਾਹ ਤਆਲਾ ਨੇ ਸੂਰਤ ਤੌਬਾ ਵਿੱਚ ਖ਼ਬਰ ਦਿੱਤੀ। ਜੰਗਿ ਤਬੂਕ ਵਿੱਚ ਪਿੱਛੇ ਰਹਿ ਜਾਣ ਵਾਲਿਆਂ 'ਤੇ ਅੱਲਾਹ ਤਆਲਾ ਨੇ ਆਪਣੀ ਸਖ਼ਤ ਨਰਾਜ਼ਗੀ ਦਾ ਇਜ਼ਹਾਰ ਫ਼ਰਮਾਇਆ, ਇਨ੍ਹਾਂ ਲੋਕਾਂ ਨੂੰ **ਫ਼ਾਸਿਕ਼** ਕ਼ਰਾਰ ਦਿੱਤਾ, ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ ਇਨ੍ਹਾਂ ਦੀ **ਨਮਾਜ਼ਿ ਜਨਾਜ਼ਾ** ਪੜ੍ਹਨ ਅਤੇ ਇਨ੍ਹਾਂ ਦੀਆਂ ਕ਼ਬਰਾਂ 'ਤੇ ਦੁਆ ਕਰਨ ਤੋਂ ਮਨ੍ਹਾ ਫ਼ਰਮਾ ਦਿੱਤਾ ਅਤੇ ਇਹ ਪਾਬੰਦੀ ਵੀ ਲਾ ਦਿੱਤੀ ਕਿ ਆਇੰਦਾ ਉਹ ਕਿਸੇ **ਮੁਹਿੰਮ** ਵਿੱਚ ਹਿੱਸਾ ਨਾ ਲੈਣਗੇ ਅਤੇ ਨਾ ਹੀ ਕਿਸੇ ਜੰਗ ਵਿੱਚ ਸ਼ਾਮਿਲ ਹੋਣਗੇ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਜੰਗਿ ਤਬੂਕ ਤੋਂ ਪਿੱਛੇ ਰਹਿ ਜਾਣ ਵਾਲੇ ਚਾਰ ਤਰ੍ਹਾਂ ਦੇ ਲੋਕ ਸਨ। ਉਹ ਖ਼ੁਸ਼ ਨਸੀਬ ਲੋਕ ਜਿਹੜੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ **ਇਰਸ਼ਾਦ** 'ਤੇ ਕਿਸੇ ਫ਼ਰਜ਼ ਦੀ ਅਦਾਇਗੀ ਲਈ ਪਿੱਛੇ ਰਹੇ ਸਨ। ਜਿਵੇਂ ਹਜ਼ਰਤ ਅਲੀ ਰਜ਼ਿ ਅੱਲਾਹੁ ਅਨਹੁ, ਹਜ਼ਰਤ ਇਬਨਿ ਉੱਮਿ ਮਕਤੂਮ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਮੁਹੰਮਦ ਬਿਨ ਮਸਲਮਾ ਰਜ਼ਿ ਅੱਲਾਹੁ ਅਨਹੁ ਵਗ਼ੈਰਾ। ਦੂਸਰੀ ਤਰ੍ਹਾਂ ਦੇ ਉਹ ਲੋਕ ਸਨ ਜਿਹੜੇ **ਮਾਜ਼ੂਰ**, **ਬਿਮਾਰ** ਅਤੇ **ਕਮਜ਼ੋਰ** ਸਨ ਜਾਂ ਬਹੁਤ ਹੀ **ਮੁਹਤਾਜ** ਅਤੇ **ਗ਼ਰੀਬ** ਸਨ ਅਤੇ ਸਵਾਰੀ ਵਗ਼ੈਰਾ ਦੇ ਖ਼ਰਚੇ ਦੀ ਤਾਕ਼ਤ ਨਹੀਂ ਰੱਖਦੇ ਸਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਉਨ੍ਹਾਂ ਦੇ ਬਾਰੇ ਫ਼ਰਮਾਇਆ ਕਿ ਉਹ ਹਰ ਜਗ੍ਹਾ ਸਾਡੇ ਨਾਲ਼ ਨਾਲ਼ ਹੀ ਸਨ। ਤੀਸਰੇ **ਮੁਨਾਫ਼ਿਕ਼**, ਜਿਨ੍ਹਾਂ ਦੇ ਕਿਰਦਾਰ ਦੀ ਸਖ਼ਤ **ਮੁਜ਼ੰਮਤ** ਕੀਤੀ ਗਈ ਅਤੇ ਕ਼ੁਰਆਨ ਕਰੀਮ ਵਿੱਚ ਹਮੇਸ਼ਾ ਹਮੇਸ਼ਾ ਦੇ ਲਈ ਉਨ੍ਹਾਂ ਦੇ ਲਈ ਨਰਾਜ਼ਗੀ ਅਤੇ ਸਖ਼ਤ ਸਜ਼ਾ ਅਤੇ ਵਈਦ ਦਾ ਹੁਕਮ ਨਾਜ਼ਿਲ ਹੋਇਆ। ਚੌਥੇ ਉਹ ਲੋਕ ਸਨ ਜਿਹੜੇ ਸਿਰਫ਼ **ਸੁਸਤੀ** ਦੀ ਵਜ੍ਹਾ ਨਾਲ਼ ਸ਼ਾਮਿਲ ਨਹੀਂ ਹੋਏ ਸਨ ਅਤੇ ਪਿੱਛੇ ਰਹਿ ਗਏ ਸਨ। ਇਨ੍ਹਾਂ ਵਿੱਚੋਂ ਤਿੰਨ ਸਹਾਬਾ ਖ਼ਾਸ ਤੌਰ 'ਤੇ ਕ਼ਾਬਿਲਿ ਜ਼ਿਕਰ ਹਨ ਅਤੇ ਉਹ ਇਹ ਹਨ: ਹਜ਼ਰਤ ਕਅਬ ਬਿਨ ਮਾਲਿਕ ਰਜ਼ਿ ਅੱਲਾਹੁ ਅਨਹੁ, ਹਜ਼ਰਤ ਮੁਰਾਰਾ ਬਿਨ ਰਬੀਅ ਰਜ਼ਿ ਅੱਲਾਹੁ ਅਨਹੁ ਅਤੇ ਹਜ਼ਰਤ ਹਿਲਾਲ ਬਿਨ ਉਮੱਯਾ ਰਜ਼ਿ ਅੱਲਾਹੁ ਅਨਹੁ।

ਇਨ੍ਹਾਂ ਤਿੰਨਾਂ ਸਹਾਬਾ ਦੇ ਬਾਰੇ ਕ਼ੁਰਆਨ ਕਰੀਮ ਵਿੱਚ ਆਯਤ ਵੀ ਨਾਜ਼ਿਲ ਹੋਈ। ਹਜ਼ੂਰ ਅਨਵਰ ਨੇ ਫ਼ਰਮਾਇਆ ਕਿ عَلَى الثَّلٰثَةِ الَّذِيْنَ خُلِّفُوْا ਯਾਨੀ ਉਹ ਤਿੰਨ ਜਿਹੜੇ ਪਿੱਛੇ ਛੱਡ ਦਿੱਤੇ ਗਏ। ਇਨ੍ਹਾਂ ਦੇ ਵਾਕ਼ੇ ਦੀ ਤਫ਼ਸੀਲ ਇੰਝ ਬਿਆਨ ਹੋਈ ਹੈ। ਬੁਖ਼ਾਰੀ ਸ਼ਰੀਫ਼ ਦੀ ਇੱਕ ਰਿਵਾਇਤ ਵਿੱਚ ਹਜ਼ਰਤ ਕਅਬ ਬਿਨ ਮਾਲਿਕ ਰਜ਼ਿ ਅੱਲਾਹੁ ਅਨਹੁ ਨੇ ਆਪ ਇਹ ਸਾਰਾ ਵਾਕ਼ਿਆ ਬਿਆਨ ਕੀਤਾ ਹੈ। ਫ਼ਰਮਾਉਂਦੇ ਹਨ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਸਫ਼ਰ ਦੀ **ਤਿਆਰੀ** ਸ਼ੁਰੂ ਕਰ ਦਿੱਤੀ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਨਾਲ਼ ਮੁਸਲਮਾਨਾਂ ਨੇ ਵੀ। ਮੇਰਾ ਵੀ ਇਰਾਦਾ ਪੱਕਾ ਸੀ ਪਰ **ਸੁਸਤੀ** ਸੀ, ਤਿਆਰੀ ਨਹੀਂ ਹੁੰਦੀ ਸੀ। ਮੈਂ ਟਾਲ ਮਟੋਲ ਵਿੱਚ ਹੀ ਰਿਹਾ। ਇੱਥੋਂ ਤੱਕ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਇੱਕ ਸਵੇਰ ਰਵਾਨਾ ਹੋ ਗਏ ਅਤੇ ਮੈਂ ਵੀ ਆਪਣੇ ਸਫ਼ਰ ਦੀ ਤਿਆਰੀ ਵਿੱਚੋਂ ਕੁੱਝ ਨਾ ਕੁੱਝ ਨਿਪਟਾ ਲਿਆ। ਮੈਂ ਸੋਚਿਆ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਜਾਣ ਦੇ ਇੱਕ ਦਿਨ ਜਾਂ ਦੋ ਦਿਨ ਬਾਅਦ ਤਿਆਰੀ ਕਰ ਲਵਾਂਗਾ ਅਤੇ ਫਿਰ ਉਨ੍ਹਾਂ ਨਾਲ਼ ਜਾ ਮਿਲ਼ਾਂਗਾ। ਇਹੀ ਹਾਲ ਰਿਹਾ ਇੱਥੋਂ ਤੱਕ ਕਿ ਤੇਜ਼ੀ ਨਾਲ਼ ਸਫ਼ਰ ਕਰਦੇ ਹੋਏ ਫ਼ੌਜ ਬਹੁਤ ਅੱਗੇ ਨਿਕਲ਼ ਗਈ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਜਾਣ ਦੇ ਬਾਅਦ ਜਦ ਮੈਂ ਲੋਕਾਂ ਵਿੱਚ ਨਿਕਲ਼ਦਾ ਅਤੇ ਉਨ੍ਹਾਂ ਵਿੱਚ ਚੱਕਰ ਲਾਉਂਦਾ ਤਾਂ ਮੈਨੂੰ ਇਹ ਗੱਲ **ਗ਼ਮਗੀਨ** ਕਰ ਦਿੰਦੀ ਕਿ ਮੈਂ ਅਜਿਹੇ ਹੀ ਸ਼ਖ਼ਸ ਨੂੰ ਦੇਖਦਾ, ਜਿਸ 'ਤੇ **ਨਿਫ਼ਾਕ਼** ਦਾ ਐਬ ਧਰਿਆ ਜਾਂਦਾ ਸੀ ਜਾਂ ਕਮਜ਼ੋਰਾਂ ਵਿੱਚੋਂ ਅਜਿਹਾ ਸ਼ਖ਼ਸ ਜਿਸ ਨੂੰ ਅੱਲਾਹ ਤਆਲਾ ਨੇ **ਮਾਜ਼ੂਰ** ਠਹਿਰਾਇਆ ਸੀ। ਹਜ਼ਰਤ ਕਅਬ ਬਿਨ ਮਾਲਿਕ ਰਜ਼ਿ ਅੱਲਾਹੁ ਅਨਹੁ ਕਹਿੰਦੇ ਹਨ ਕਿ ਜਦ ਮੈਨੂੰ ਇਹ ਖ਼ਬਰ ਪਹੁੰਚੀ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਵਾਪਿਸ ਆ ਰਹੇ ਹਨ, ਮੈਨੂੰ ਫ਼ਿਕਰ ਹੋਈ ਅਤੇ ਮੈਂ ਝੂਠੀਆਂ ਗੱਲਾਂ ਸੋਚਣ ਲੱਗਾ ਕਿ ਕਿਸ ਗੱਲ ਨਾਲ਼ ਕੱਲ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੀ ਨਾਰਾਜ਼ਗੀ ਤੋਂ ਬਚ ਜਾਵਾਂ।

ਜਦ ਇਹ ਕਿਹਾ ਗਿਆ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਆਣ ਪਹੁੰਚੇ ਹਨ, ਮੇਰੇ ਦਿਲ 'ਚੋਂ ਸਾਰੇ ਝੂਠੇ **ਖ਼ਿਆਲਾਤ** ਉੱਡ ਗਏ ਅਤੇ ਮੈਂ ਸਮਝ ਲਿਆ ਕਿ ਮੈਂ ਕਦੀ ਵੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਗ਼ੁੱਸੇ ਤੋਂ ਅਜਿਹੀਆਂ ਗੱਲਾਂ ਨਾਲ਼ ਬਚਾਂਗਾ ਨਹੀਂ, ਜਿਸ ਵਿੱਚ ਝੂਠ ਹੋਵੇ। ਇਸ ਲਈ ਮੈਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ਼ ਸੱਚ ਸੱਚ ਬਿਆਨ ਕਰਨ ਦੀ ਠਾਣ ਲਈ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤਸ਼ਰੀਫ ਲੈ ਆਏ ਤਾਂ ਪਿੱਛੇ ਰਹੇ ਹੋਏ ਲੋਕ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ਼ ਆ ਗਏ ਅਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ਼ **ਉਜ਼ਰ** (ਬਹਾਨੇ) ਕਰਨ ਲੱਗੇ ਅਤੇ ਕ਼ਸਮਾਂ ਖਾਣ ਲੱਗੇ। ਅਜਿਹੇ ਲੋਕ 80 ਤੋਂ ਕੁੱਝ ਉੱਪਰ ਸਨ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ

ਉਨ੍ਹਾਂ ਕੋਲੋਂ ਉਨ੍ਹਾਂ ਦੇ ਜ਼ਾਹਿਰੀ ਉਜ਼ਰ ਮੰਨ ਲਏ ਅਤੇ ਉਨ੍ਹਾਂ ਦੀ **ਬੈਅਤ** ਲੈ ਲਈ। ਫਿਰ ਮੈਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਕੋਲ ਆਇਆ। ਜਦ ਮੈਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ **ਸਲਾਮ** ਕੀਤਾ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ **ਨਾਰਾਜ਼ ਸ਼ਖ਼ਸ** ਦੀ ਤਰ੍ਹਾਂ ਮੁਸਕੁਰਾਏ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੈਨੂੰ ਪੁੱਛਿਆ ਕਿ ਕਿਸ ਗੱਲ ਨੇ ਤੈਨੂੰ ਪਿੱਛੇ ਰੱਖਿਆ ਹੈ, ਕੀ ਤੂੰ ਸਵਾਰੀ ਨਹੀਂ ਖ਼ਰੀਦੀ ਸੀ? ਮੈਂ ਕਿਹਾ ਕਿ ਜੀ ਹਾਂ, ਅੱਲਾਹ ਦੀ ਕ਼ਸਮ! ਮੈਂ ਅਜਿਹਾ ਹਾਂ ਕਿ ਜੇਕਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਸਿਵਾ ਦੁਨੀਆ ਦੇ ਲੋਕਾਂ ਵਿੱਚੋਂ ਕਿਸੇ ਹੋਰ ਦੇ ਕੋਲ ਬੈਠਾ ਹੁੰਦਾ ਤਾਂ ਮੈਂ ਸਮਝਦਾ ਹਾਂ ਕਿ ਮੈਂ ਜ਼ਰੂਰ ਹੀ ਉਸ ਦੀ ਨਰਾਜ਼ਗੀ ਤੋਂ ਉਜ਼ਰ ਕਰਕੇ ਬਚ ਜਾਂਦਾ। ਮੈਨੂੰ **ਖ਼ੁਸ਼ ਬਿਆਨੀ** ਦਿੱਤੀ ਗਈ ਹੈ। ਪਰ ਅੱਲਾਹ ਦੀ ਕ਼ਸਮ! ਮੈਂ ਚੰਗੀ ਤਰ੍ਹਾਂ ਸਮਝ ਚੁੱਕਿਆ ਹਾਂ ਕਿ ਜੇਕਰ ਮੈਂ ਅੱਜ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ ਕੋਈ ਅਜਿਹੀ ਝੂਠੀ ਗੱਲ ਬਿਆਨ ਕੀਤੀ, ਜਿਸ ਨਾਲ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਮੇਰੇ ਨਾਲ ਰਾਜ਼ੀ ਹੋ ਜਾਓ ਤਾਂ ਅੱਲਾਹ ਤਆਲਾ ਛੇਤੀ ਹੀ ਮੇਰੇ ਉੱਤੇ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ **ਨਰਾਜ਼** ਕਰ ਦੇਵੇਗਾ। ਅਤੇ ਜੇਕਰ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਕੋਲ ਸੱਚੀ ਗੱਲ ਬਿਆਨ ਕਰਾਂਗਾ, ਜਿਸ 'ਤੇ ਆਪ ਮੇਰੇ ਨਾਲ ਨਰਾਜ਼ ਹੋਵੋ ਤਾਂ ਮੈਂ ਇਸ ਵਿੱਚ ਅੱਲਾਹ ਤਆਲਾ ਦੇ **ਅਫ਼ਵ** ਦੀ ਉਮੀਦ ਰੱਖਦਾ ਹਾਂ।

ਕਹਿਣ ਲੱਗੇ ਕਿ ਅੱਲਾਹ ਦੀ ਕ਼ਸਮ! ਮੇਰੇ ਲਈ ਕੋਈ ਉਜ਼ਰ ਨਹੀਂ ਸੀ। ਅੱਲਾਹ ਦੀ ਕ਼ਸਮ! ਮੈਂ ਕਦੀ ਵੀ ਅਜਿਹਾ **ਸਿਹਤਮੰਦ** ਅਤੇ **ਖ਼ੁਸ਼ਹਾਲ** ਨਹੀਂ ਹੋਇਆ ਜਿੰਨਾ ਕਿ ਉਸ ਵੇਲੇ ਸੀ ਜਦ ਕਿ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਤੋਂ ਪਿੱਛੇ ਰਹਿ ਗਿਆ ਸੀ। ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਇਹ ਸੁਣ ਕੇ ਫ਼ਰਮਾਇਆ, ਇਸ ਨੇ ਤਾਂ ਸੱਚ ਬਿਆਨ ਕਰ ਦਿੱਤਾ ਹੈ। ਉੱਠੋ! ਜਾਓ! ਇੱਥੋਂ ਤੱਕ ਕਿ ਅੱਲਾਹ ਤੁਹਾਡੇ ਬਾਰੇ ਕੋਈ ਫ਼ੈਸਲਾ ਕਰੇ।

ਮੇਰੇ ਇਲਾਵਾ ਹਜ਼ਰਤ ਮੁਰਾਰਾ ਬਿਨ ਰਬੀਅ ਉਮਰੀ ਰਜ਼ਿ ਅੱਲਾਹੁ ਅਨਹੁ ਅਤੇ ਹਿਲਾਲ ਬਿਨ ਉਮੱਯਾ ਰਜ਼ਿ ਅੱਲਾਹੁ ਅਨਹੁ ਨੇ ਵੀ ਉਹੀ ਕਿਹਾ ਜੋ ਮੈਂ ਕਿਹਾ ਸੀ ਅਤੇ ਉਨ੍ਹਾਂ ਨੂੰ ਵੀ ਉਹੀ **ਜਵਾਬ** ਮਿਲਿਆ ਜੋ ਮੈਨੂੰ ਦਿੱਤਾ ਗਿਆ। ਹਜ਼ਰਤ ਕਅਬ ਰਜ਼ਿ ਅੱਲਾਹੁ ਅਨਹੁ ਕਹਿੰਦੇ ਹਨ ਕਿ ਇਸੇ ਅਰਸੇ ਵਿੱਚ **ਗ਼ੱਸਾਨ** ਦੇ ਬਾਦਸ਼ਾਹ ਦੇ ਵੱਲੋਂ ਇੱਕ ਖ਼ਤ ਮੈਨੂੰ ਮਿਲਿਆ ਜਿਸ ਵਿੱਚ ਇਹ ਸੀ ਕਿ ਮੈਨੂੰ ਖ਼ਬਰ ਪਹੁੰਚੀ ਹੈ ਕਿ ਤੁਹਾਡੇ ਸਾਥੀ ਨੇ ਤੁਹਾਡੇ ਨਾਲ ਸਖ਼ਤੀ ਦਾ **ਮੁਆਮਲਾ** ਕਰਕੇ ਤੁਹਾਨੂੰ ਅਲੱਗ ਥਲੱਗ ਛੱਡ ਦਿੱਤਾ ਹੈ। ਤੁਹਾਨੂੰ ਤਾਂ ਅੱਲਾਹ ਨੇ ਕਿਸੇ ਅਜਿਹੇ ਘਰ ਵਿੱਚ ਪੈਦਾ ਨਹੀਂ ਕੀਤਾ ਸੀ ਕਿ ਜਿੱਥੇ ਜ਼ਿਲਤ ਹੋਵੇ ਅਤੇ ਤੁਹਾਨੂੰ ਬਰਬਾਦ ਕਰ ਦਿੱਤਾ ਜਾਵੇ। ਤੁਸੀਂ ਸਾਡੇ ਨਾਲ ਆ ਕੇ ਮਿਲੋ, ਅਸੀਂ ਤੁਹਾਡੀ **ਖ਼ਾਤਿਰ ਮਦਾਰਤ** ਕਰਾਂਗੇ। ਜਦ ਮੈਂ ਇਹ ਖ਼ਤ ਪੜ੍ਹਿਆ ਤਾਂ ਮੈਂ ਕਿਹਾ ਕਿ ਇਹ ਖ਼ਤ ਇੱਕ ਹੋਰ **ਆਜ਼ਮਾਇਸ਼** ਹੈ, ਮੈਂ ਖ਼ਤ ਲੈ ਕੇ ਇੱਕ ਤੰਦੂਰ ਵੱਲ ਗਿਆ ਅਤੇ ਉਸ ਵਿੱਚ ਇਸ ਖ਼ਤ ਨੂੰ ਸੁੱਟ ਦਿੱਤਾ। ਜਦ 50 ਰਾਤਾਂ ਵਿੱਚੋਂ 40 ਰਾਤਾਂ ਲੰਘੀਆਂ, ਕੀ ਦੇਖਦਾ ਹਾਂ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ **ਸੁਨੇਹਾ** ਲਿਆਉਣ ਵਾਲਾ ਮੇਰੇ ਕੋਲ ਆ ਰਿਹਾ ਹੈ। ਉਸਨੇ ਕਿਹਾ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਤੁਹਾਨੂੰ ਫ਼ਰਮਾਉਂਦੇ ਹਨ ਕਿ ਆਪਣੀ ਬੀਵੀ ਤੋਂ ਅਲੱਗ ਹੋ ਜਾਓ। ਮੈਂ ਪੁੱਛਿਆ ਕਿ ਕੀ ਮੈਂ ਉਸਨੂੰ **ਤਲਾਕ਼** ਦੇ ਦੇਵਾਂ ਜਾਂ ਕੀ ਕਰਾਂ? ਉਸ ਨੇ ਕਿਹਾ ਕਿ ਉਸ ਤੋਂ ਅਲੱਗ ਰਹੋ ਅਤੇ ਉਸਦੇ ਕ਼ਰੀਬ ਨਾ ਜਾਓ। ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਮੇਰੇ ਦੋਹਾਂ ਸਾਥੀਆਂ ਨੂੰ ਵੀ ਅਜਿਹਾ ਹੀ ਕਹਿਲਾਵਾ ਭੇਜਿਆ।

ਜਦ **ਪੰਜਾਹਵੀਂ** (50ਵੀਂ) ਰਾਤ ਦੀ ਸਵੇਰ ਨੂੰ ਫ਼ਜਰ ਦੀ ਨਮਾਜ਼ ਪੜ੍ਹ ਚੁੱਕਿਆ ਅਤੇ ਮੈਂ ਉਸ ਵੇਲੇ ਆਪਣੇ ਘਰ ਦੀਆਂ ਛੱਤਾਂ ਵਿੱਚੋਂ ਇੱਕ ਛੱਤ 'ਤੇ ਸੀ ਅਤੇ ਮੈਂ ਉਸੇ ਹਾਲਤ ਵਿੱਚ ਬੈਠਾ ਹੋਇਆ ਸੀ ਜਿਸ ਦਾ ਅੱਲਾਹ ਤਆਲਾ ਨੇ ਜ਼ਿਕਰ ਕੀਤਾ ਹੈ, ਯਾਨੀ ਮੇਰੇ 'ਤੇ ਮੇਰੀ **ਜਾਨ** ਤੰਗ ਹੋ ਚੁੱਕੀ ਸੀ ਅਤੇ ਮੇਰੇ 'ਤੇ **ਜ਼ਮੀਨ** ਵੀ ਬਾਵਜੂਦ ਖੁੱਲ੍ਹੀ ਹੋਣ ਦੇ ਤੰਗ ਹੋ ਗਈ ਸੀ। ਇਸੇ ਦੌਰਾਨ ਮੈਂ ਇੱਕ ਪੁਕਾਰਨ ਵਾਲੇ ਦੀ ਆਵਾਜ਼ ਸੁਣੀ ਕਿ ਐ ਕਅਬ ਬਿਨ ਮਾਲਿਕ! ਤੈਨੂੰ **ਖ਼ੁਸ਼ਖ਼ਬਰੀ** ਹੋਵੇ। ਮੈਂ ਇਹ ਸੁਣ ਕੇ ਸਜਦੇ ਵਿੱਚ ਡਿੱਗ ਪਿਆ ਅਤੇ ਸਮਝ ਗਿਆ ਕਿ ਮੁਸੀਬਤ ਦੂਰ ਹੋ ਗਈ। ਇਹ ਸੁਣ ਕੇ ਸਭ ਲੋਕ ਸਾਨੂੰ ਖ਼ੁਸ਼ਖ਼ਬਰੀ ਦੇਣ ਲੱਗੇ। ਹਜ਼ਰਤ ਕਅਬ ਰਜ਼ਿ ਅੱਲਾਹੁ ਅਨਹੁ ਕਹਿੰਦੇ ਹਨ ਕਿ ਜਦ ਮੈਂ

ਮਸਜਿਦ ਵਿੱਚ ਪਹੁੰਚਿਆ ਅਤੇ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੂੰ **ਅੱਸਲਾਮੋ ਅਲੈਕੁਮ** ਕਿਹਾ ਤਾਂ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਚਿਹਰਾ ਖ਼ੁਸ਼ੀ ਨਾਲ਼ ਚਮਕ ਰਿਹਾ ਸੀ ਕਿ ਤੁਹਾਨੂੰ ਖ਼ੁਸ਼ਖ਼ਬਰੀ ਹੋਵੇ, ਬਹੁਤ ਹੀ ਚੰਗੇ ਦਿਨ ਦੀ, ਉਨ੍ਹਾਂ ਦਿਨਾਂ ਵਿੱਚੋਂ, ਜਦੋਂ ਤੋਂ ਤੁਹਾਡੀ ਮਾਂ ਨੇ ਤੁਹਾਨੂੰ ਜਣਿਆ ਹੈ, ਤੁਹਾਡੇ 'ਤੇ ਲੰਘੇ ਹਨ। ਮੈਂ ਪੁੱਛਿਆ ਕਿ ਯਾ ਰਸੂਲੁੱਲਾਹ! ਕੀ ਇਹ ਖ਼ੁਸ਼ਖ਼ਬਰੀ ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਦੇ ਵੱਲੋਂ ਹੈ ਜਾਂ ਅੱਲਾਹ ਦੇ ਵੱਲੋਂ? ਆਪ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਕਿ ਨਹੀਂ ਬਲਕਿ ਅੱਲਾਹ ਦੇ ਵੱਲੋਂ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਇਸ ਦਾ ਬਾਕ਼ੀ ਹਿੱਸਾ ਜਿਹੜਾ ਹਜ਼ਰਤ ਮੁਸਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਬਿਆਨ ਫ਼ਰਮਾਇਆ ਹੈ ਆਪਣੇ ਅੰਦਾਜ਼ ਵਿੱਚ, ਉਹ ਇੰਸ਼ਾ ਅੱਲਾਹ ਬਿਆਨ ਕਰਾਂਗਾ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਮੁਕੱਰਮ ਹਾਫ਼ਿਜ਼ ਮੁਹੰਮਦ ਇਬ੍ਰਾਹੀਮ ਆਬਿਦ ਸਾਹਿਬ ਮੁਰੱਬੀ ਸਿਲਸਿਲਾ, ਮੁਕੱਰਮ ਸ਼ੇਖ਼ ਅਬੂ ਬਕਰ ਜਾਰਜ ਸਾਹਿਬ ਮੁਅੱਲਿਮ ਸਿਲਸਿਲਾ ਲਾਈਬੇਰੀਆ ਅਤੇ ਮੁਕੱਰਮਾ ਸਮੀਨਾ ਭੁੰਨੋ ਸਾਹਿਬਾ ਐਹਲੀਆ ਡਾਕਟਰ ਫ਼ਜ਼ਲ ਮਹਿਮੂਦ ਭੁੰਨੋ ਸਾਹਿਬ ਆਫ਼ ਲਾਈਬੇਰੀਆ ਦਾ **ਜ਼ਿਕਰਿ ਖ਼ੈਰ** ਫ਼ਰਮਾਇਆ ਅਤੇ ਉਨ੍ਹਾਂ ਦੀ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਾਉਣ ਦਾ ਐਲਾਨ ਫ਼ਰਮਾਇਆ ਅਤੇ ਉਨ੍ਹਾਂ ਮਰਹੂਮਾਂ ਦੀ **ਮਗ਼ਫ਼ਿਰਤ** ਅਤੇ ਦਰਜਿਆਂ ਦੀ **ਬੁਲੰਦੀ** ਦੇ ਲਈ ਦੁਆ ਕੀਤੀ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَ نَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَ رَسُوْلُهٗ ۞ عِبَادَ اللّٰهِ رَحِمَكُمُ اللّٰهِ إِنَّ اللّٰهَ يَأْمُرُ بِالْعَدْلِ وَالْإِحْسَانِ وَ إِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞